ਦਫਤਰ ਡਾਇਰੈਕਟਰ ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ।
ਬਲਾਕ-ਈ, ਛੇਵੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ: ਫੇਜ਼-8,
ਐੱਸ.ਏ.ਐੱਸ.ਨਗਰ। ਫੋਨ ਨੰਬਰ :0172-2212221

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ)
ਪੰਜਾਬ।

ਮੀਮੋ ਨੰ:SCERT/SCI/2021120906 ਮਿਤੀ : 06-04-21

**ਵਿਸ਼ਾ – ਨਵ-ਨਿਯੁਕਤ ਅਧਿਆਪਕਾਂ ਦੀ Induction ਟ੍ਰੇਨਿੰਗ ਬਾਰੇ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਸਕੂਲ ਸਿੱਖਿਆ ਵਿਭਾਗ, ਪੰਜਾਬ ਵੱਲੋਂ ਵੱਖ ਵੱਖ ਵਿਸ਼ਿਆਂ ਦੇ ਅਧਿਆਪਕਾਂ ਦੀ ਨਿਯੁਕਤੀ ਕੀਤੀ ਗਈ ਹੈ। ਇਨ੍ਹਾਂ ਅਧਿਆਪਕਾਂ ਨੂੰ **02.03.2021** ਤੋਂ **11.03.2021** ਤੱਕ Induction ਟ੍ਰੇਨਿੰਗ ਕਰਵਾਈ ਗਈ ਸੀ।

3.0 ਇਹਨਾਂ ਨਵ-ਨਿਯੁਕਤ ਅਧਿਆਪਕਾਂ ਵਿੱਚੋਂ ਕੁਝ ਅਧਿਆਪਕਾਂ ਵੱਲੋਂ ਇਹ ਟ੍ਰੇਨਿੰਗ ਨਹੀਂ ਲਗਾਈ ਗਈ ਸੀ। ਇਹਨਾਂ ਬਾਕੀ ਰਹਿੰਦੇ ਨਵ-ਨਿਯੁਕਤ ਅਤੇ ਜਿਨ੍ਹਾਂ ਹੋਰ ਅਧਿਆਪਕਾਂ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਹਨ, ਨੂੰ DIKSHA Portal ਤੇ ਆਨਲਾਈਨ ਟ੍ਰੇਨਿੰਗ ਕਰਵਾਈ ਜਾਣੀ ਹੈ।

4.0 ਸਕੂਲ ਸਿੱਖਿਆ ਵਿਭਾਗ, ਪੰਜਾਬ ਵੱਲੋਂ ਨਵ-ਨਿਯੁਕਤ ਅਧਿਆਪਕਾਂ ਦੀ ਟ੍ਰੇਨਿੰਗ ਲਈ ਮਡਿਊਲਜ DIKSHA ਪੋਰਟਲ ਤੇ ਅਪਲੋਡ ਕੀਤੇ ਜਾ ਚੁੱਕੇ ਹਨ।ਨਵ-ਨਿਯੁਕਤ ਅਧਿਆਪਕ ਇਨ੍ਹਾਂ ਮਡਿਊਲਾਂ ਰਾਹੀਂ ਪੋਰਟਲ ਤੇ ਆਨਲਾਈਨ ਟ੍ਰੇਨਿੰਗ ਪ੍ਰਾਪਤ ਕਰਨਗੇ।

5.0 ਉੱਕਤ ਅਨੁਸਾਰ ਨਵ-ਨਿਯੁਕਤ ਅਧਿਆਪਕ, ਸਾਰੇ ਮਡਿਊਲਜ ਦੀ ਆਨਲਾਈਨ ਟ੍ਰੇਨਿੰਗ ਮਿਤੀ **07.04.2021** ਤੋਂ **15.04.2021** ਤੱਕ ਮੁਕੰਮਲ ਕੀਤੀ ਜਾਣੀ ਯਕੀਨੀ ਬਣਾਉਣਗੇ।

6.0 ਹਰੇਕ ਮਡਿਊਲ ਦੀ ਟ੍ਰੇਨਿੰਗ ਉਪਰੰਤ ਅਧਿਆਪਕ ਵੱਲੋਂ ਪ੍ਰਾਪਤ ਕੀਤੀ ਜਾਣਕਾਰੀ ਦੇ ਮੁਲੰਕਣ ਲਈ ਆਨਲਾਈਨ Quiz ਹੱਲ ਕੀਤਾ ਜਾਵੇਗਾ। ਇਸ Quiz ਨੂੰ ਹੱਲ ਕਰਨ ਲਈ ਅਧਿਆਪਕ ਨੂੰ 2 ਮੌਕੇ ਦਿੱਤੇ ਜਾਣਗੇ।

6.0 **Successful** ਟ੍ਰੇਨਿੰਗ ਪ੍ਰਾਪਤ ਕਰਨ ਉਪਰੰਤ DIKSHA ਪੋਰਟਲ ਤੇ ਆਨਲਾਈਨ ਟ੍ਰੇਨਿੰਗ ਸਰਟੀਫਿਕੇਟ ਜਨਰੇਟ ਹੋਵੇਗਾ।

7.0 ਨਵ-ਨਿਯੁਕਤ ਅਧਿਆਪਕ DIKSHA app ਆਪਣੇ ਫੋਨ/ਲੈਪਟਾਪ ਤੇ Install ਕਰਨਗੇ। ਟ੍ਰੇਨਿੰਗ ਲਈ ਮਡਿਊਲਜ਼ ਦਾ **Link** ਨਵ-ਨਿਯੁਕਤ ਅਧਿਆਪਕਾਂ ਦੇ ਵ੍ਹੱਟਸਐਪ ਗਰੁੱਪਾਂ ਅਤੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ ਸਾਹਿਬਾਨਾਂ ਨਾਲ ਸਾਂਝਾ ਕੀਤਾ ਜਾਵੇਗਾ।

8.0 ਸਬੰਧਤ ਅਧਿਆਪਕਾਂ ਨੂੰ ਨੋਟ ਕਰਵਾਇਆ ਜਾਣਾ ਯਕੀਨੀ ਬਣਾਇਆ ਜਾਵੇ।

**ਮਨਿੰਦਰ ਸਰਕਾਰੀਆ, ਸਹਾਇਕ ਡਾਇਰੈਕਟਰ**
**ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ।**

**ਪਿੱਠ ਅੰਕਣ ਨੰ. ਉਕਤ** **ਮਿਤੀ** 06-04-21

ਉਪਰੋਕਤ ਦਾ ਉਤਾਰਾ ਸਮੂਹ ਨਵ-ਨਿਯੁਕਤ ਅਧਿਆਪਕਾਂ ਨੂੰ ਭੇਜਿਆ ਜਾਂਦਾ ਹੈ।

**ਮਨਿੰਦਰ ਸਰਕਾਰੀਆ, ਸਹਾਇਕ ਡਾਇਰੈਕਟਰ**
**ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ।**